# Guru Nanak Dev University, Amritsar

**(General Branch)**

(Established by the State Legislature Act No.21 of 1969)
Accredited at "A" grade level by NAAC and awarded "University with Potential for Excellence" status by UGC

**Ph : 0183-282-3086**


No._______________/Gen.

Dated_______________

## ਨੋਟਿਸ

ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਅਤੇ ਹੋਰ ਮੰਤਵਾਂ ਲਈ ਯੂਨੀਵਰਸਿਟੀ ਦੁਆਰਾ ਵੱਖ-ਵੱਖ ਸਮੇਂ ਤੇ ਟੈਕਸੀਆਂ ਆਦਿ ਕਿਰਾਏ ਤੇ ਲਈਆਂ ਜਾਂਦੀਆਂ ਹਨ, ਜਿਸ ਵਾਸਤੇ ਮਿਤੀ 01-04-2026 ਤੋਂ 31-03-2027 ਤੱਕ ਦੇ ਸਮੇਂ ਲਈ ਰੇਟ ਤੈਅ ਕੀਤੇ ਜਾਣੇ ਹਨ।

ਬੇਨਤੀ ਕੀਤੀ ਜਾਂਦੀ ਹੈ ਕਿ ਆਪ ਇਸ ਮੰਤਵ ਲਈ ਆਪਣੀ ਕੁਟੇਸ਼ਨ ਬੰਦ ਲਿਫਾਫੇ ਵਿਚ (ਸੀਲਡ) ਰਜਿਸਟਰਡ/ਸਪੀਡ ਪੋਸਟ/By Hand ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਜੀ ਦੇ ਨਾਮ ਤੇ ਮਿਤੀ 24-02-2026 ਸ਼ਾਮ ਦੇ ਚਾਰ ਵਜੇ ਤੱਕ ਭੇਜਣ ਦੀ ਖੇਚਲ ਕਰਨੀ ਅਤੇ ਲਿਫਾਫੇ ਉਪਰ ਕੁਟੇਸ਼ਨ ਫਾਰ ਟੈਕਸੀਜ਼ (ਸਾਲ 2026-27) ਲਿਖਿਆ ਹੋਣਾ ਜ਼ਰੂਰੀ ਹੈ।

**ਨੋਟ:** **ਇਸ ਠੇਕੇ ਲਈ ਕੁਟੇਸ਼ਨਾਂ ਨਾਲ ਨੱਥੀ ਪ੍ਰੋਫਾਰਮੇ ਮੁਤਾਬਿਕ ਹੀ ਭੇਜੀਆਂ ਜਾਣ। ਕੁਟੇਸ਼ਨ ਵਿਚ ਪ੍ਰੋਫਾਰਮੇ ਮੁਤਾਬਿਕ ਸਾਰੇ ਕਾਲਮਾਂ ਵਿਚ ਲੋੜੀਦੀਆਂ ਦਰਾਂ ਦਰਜ ਕਰਨੀਆਂ ਲਾਜ਼ਮੀ ਹਨ। ਪ੍ਰੋਫਾਰਮੇ ਵਿਚ ਦਿੱਤੀਆਂ ਗਈਆਂ ਗੱਡੀਆਂ ਦੇ ਰੇਟ ਵੱਖ-ਵੱਖ ਦਰਸਾਏ ਜਾਣ।**

# ਸਾਲ 2026-27 ਲਈ ਟੈਕਸੀਆਂ ਦੇ ਠੇਕੇ ਲਈ ਕੁਟੇਸ਼ਨ ਸਬੰਧੀ ਨਿਰਧਾਰਿਤ ਪ੍ਰੋਫਾਰਮਾ

**(GNDU/GEN/05/2026)**

**ਬਿਨੈਕਾਰ ਦਾ ਨਾਮ ________________________ਫਰਮ ਦਾ ਨਾਮ____________________________**

**ਮੋਬਾਈਲ ਨੰ:________________ਪਤਾ:__________________________________________________**

**G.S.T No:____________________PAN NO:_________________________ ADHAAR NO:______________________**

| 1. | 2. | 3 | 4. |
|---|---|---|---|
| ਲੜੀ ਨੰ. | ਗੱਡੀ ਦਾ ਵੇਰਵਾ | ਲੋਕਲ ਅੰਮ੍ਰਿਤਸਰ ਰੇਟ ਪ੍ਰਤੀ ਘੰਟਾ (Hrs.) (ਰੁ:)<br>**(Inclusive of vehicle Charges, Fuel of Vehicle charges, Driver Charges, A.C. Charges etc.)** | ਅੰਮ੍ਰਿਤਸਰ ਤੋਂ ਬਾਹਰ ਰੇਟ ਪ੍ਰਤੀ ਕਿ.ਮੀ. (ਰੁ:)<br>**(Inclusive of vehicle Charges, Fuel of Vehicle charges, Driver Charges, A.C. Charges etc.)** |
| **1.** | **Dezire/Etios** | | |
| **2.** | **Ertiga/Bolero/etc.** | | |
| **3.** | **Innova** | | |
| **4.** | **Innova Crysta** | | |

**ਜ਼ਰੂਰੀ ਨੋਟ:**

1. ਠੇਕੇਦਾਰ ਵੱਲੋਂ ਸਾਰੇ ਰੇਟ G.S.T. ਸ਼ਾਮਿਲ ਕਰਕੇ ਭਰੇ ਜਾਣਗੇ। G.S.T. ਵਿਭਾਗ ਨਾਲ ਰਜਿਸਟਰਡ ਠੇਕੇਦਾਰ ਆਪਣਾ G.S.T. ਰਜਿਸਟ੍ਰੇਸ਼ਨ ਸਰਟੀਫਿਕੇਟ ਨਾਲ ਨੱਥੀ ਕਰਨਗੇ।
2. ਗੱਡੀ ਦੇ ਬਾਹਰ ਲਗਾਤਾਰ 16 ਘੰਟੇ ਦੀ ਯਾਤਰਾ ਨੂੰ ਨਾਈਟ ਸਟੇਅ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਦੇ ਵੱਖਰੇ 250 ਰੁ: ਪ੍ਰਤੀ ਨਾਈਟ ਦਿੱਤੇ ਜਾਣਗੇ।
3. ਯੂਨੀਵਰਸਿਟੀ ਤੋਂ 25 ਕਿ.ਮੀ ਦੇ ਘੇਰੇ ਨੂੰ ਲੋਕਲ ਮੰਨਿਆ ਜਾਵੇਗਾ ਅਤੇ ਲੋਕਲ ਵਰਤੀ ਜਾਣ ਵਾਲੀ ਗੱਡੀ ਦੇ ਘੱਟੋ-ਘੱਟ 6 ਘੰਟੇ ਹੋਣਗੇ ਯਾਨੀ ਕਿ ਇਕ ਵਾਰ ਲੋਕਲ ਬੁਲਾਏ ਜਾਣ ਤੇ ਗੱਡੀ ਨੂੰ ਘੱਟੋ-ਘੱਟ 6 ਘੰਟੇ ਦੀ ਅਦਾਇਗੀ ਪ੍ਰਤੀ ਘੰਟੇ ਦੇ ਕਿਰਾਏ ਦੇ ਹਿਸਾਬ ਨਾਲ ਕੀਤੀ ਜਾਵੇਗੀ।
4. ਯੂਨੀਵਰਸਿਟੀ ਤੋਂ ਬਾਹਰ ਜਾਣ ਵਾਲੀ ਗੱਡੀ ਦੇ ਘੱਟੋ-ਘੱਟ 100 ਕਿ.ਮੀ. ਹੋਣਗੇ ਯਾਨੀ ਕਿ ਇਕ ਰੂਟ ਤੇ ਜਾਣ/ਆਉਣ ਤੇ ਘੱਟੋ-ਘੱਟ 100 ਕਿ.ਮੀ. ਦੀ ਅਦਾਇਗੀ ਪ੍ਰਤੀ ਕਿ.ਮੀ. ਦੇ ਕਿਰਾਏ ਦੇ ਹਿਸਾਬ ਨਾਲ ਕੀਤੀ ਜਾਵੇਗੀ।

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**(ਜਨਰਲ ਸ਼ਾਖਾ)**

**ਸਟੈਟ ਅਤੇ ਫੁਟਕਲ ਸੈਕਸ਼ਨ**

ਵਿਸ਼ਾ:- ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਅਤੇ ਹੋਰ ਮੰਤਵਾਂ ਲਈ ਮਿਤੀ 01-04-2026 ਤੋਂ 31-03-2027 ਤੱਕ ਦੇ ਸਮੇਂ ਲਈ ਟੈਕਸੀਆਂ ਆਦਿ ਕਿਰਾਏ ਤੇ ਲੈਣ ਬਾਰੇ ਸ਼ਰਤਾਂ ਅਤੇ ਬਾਨਾਂ।

ਸ਼ਰਤਾਂ ਅਤੇ ਬਾਨਾਂ

1. ਰੇਟ ਮਿਤੀ 01-04-2026 ਤੋਂ 31-03-2027 ਤੱਕ ਲਈ ਲਾਗੂ ਹੋਣਗੇ।
2. ਕਿਰਾਏ ਦੀ ਅਦਾਇਗੀ ਫਰਮ ਪਾਸੋਂ ਪ੍ਰਾਪਤ ਬਿੱਲ ਦੇ ਅਧਾਰ ਤੇ ਲੇਖਾ ਸ਼ਾਖਾ ਵੱਲੋਂ ਕੀਤੀ ਜਾਏਗੀ।
3. ਠੇਕੇਦਾਰ ਵੱਲੋਂ ਸਾਰੇ ਰੇਟ G.S.T. ਸ਼ਾਮਿਲ ਕਰਕੇ ਭਰੇ ਜਾਣਗੇ। G.S.T. ਵਿਭਾਗ ਨਾਲ ਰਜਿਸਟਰਡ ਠੇਕੇਦਾਰ ਆਪਣਾ G.S.T. ਰਜਿਸਟ੍ਰੇਸ਼ਨ ਸਰਟੀਫਿਕੇਟ ਨਾਲ ਨੱਥੀ ਕਰਨਗੇ।
4. ਠੇਕੇਦਾਰ ਵੱਲੋਂ ਆਪਣੇ ਰੇਟ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਹੀ ਭਰੇ ਜਾਣਗੇ।
5. ਠੇਕੇਦਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਗੱਡੀਆਂ ਮੰਗ ਅਨੁਸਾਰ ਸਹੀ ਸਮੇਂ ਸਿਰ ਦੱਸੇ ਹੋਏ ਸਥਾਨ ਤੇ ਪਹੁੰਚ ਜਾਣ। ਗੱਡੀ ਲੇਟ ਹੋਣ ਜਾਂ ਨਾ ਆਉਣ ਦੀ ਸੂਰਤ ਵਿਚ ਰਜਿਸਟਰਾਰ ਸਾਹਿਬ ਜੋ ਠੀਕ ਸਮਝਣ ਜੁਰਮਾਨਾ ਪਾਉਣ ਦਾ ਹੱਕ ਰੱਖਦੇ ਹਨ।
6. ਬਾਹਰ ਜਾਣ ਵਾਲੀ ਗੱਡੀ ਦੀ ਮਾਈਲੇਜ਼ ਸਫਰ ਸ਼ੁਰੂ ਹੋਣ ਤੇ ਖਤਮ ਹੋਣ ਦੇ ਸਥਾਨ ਤੋਂ ਨੋਟ ਕੀਤੀ ਜਾਵੇਗੀ। ਇਸ ਵਿਚ ਕੁੱਲ 10 ਕਿਲੋਮੀਟਰ ਟੈਕਸੀ ਸਟੈਂਡ ਤੋਂ ਯੂਨੀਵਰਸਿਟੀ ਕੈਂਪਸ/ਨਿਰਧਾਰਿਤ ਸਥਾਨ ਤੱਕ ਅਤੇ ਵਾਪਸੀ ਦੇ ਜਮ੍ਹਾਂ ਕੀਤੇ ਜਾਣਗੇ।
7. ਲੋਕਲ ਵਰਤੋਂ ਲਈ ਸਮਾਂ ਗੱਡੀ ਦੇ ਯੂਨੀਵਰਸਿਟੀ ਪੁੱਜਣ ਜਾਂ ਦੱਸੇ ਹੋਏ ਸਥਾਨ ਤੇ ਪਹੁੰਚਣ ਦਾ ਨੋਟ ਕੀਤਾ ਜਾਵੇਗਾ। ਸਮਾਪਤੀ ਦਾ ਸਮਾਂ ਗੱਡੀ ਵਿਹਲੀ ਕਰਨ ਦਾ ਨੋਟ ਕੀਤਾ ਜਾਵੇਗਾ।
8. ਗੱਡੀ ਬਿਲਕੁਲ ਸਹੀ ਅਤੇ ਫਿਟ ਹਾਲਤ ਵਿਚ ਹੋਣੀ ਚਾਹੀਦੀ ਹੈ। ਗੱਡੀ ਦੀ ਰਜਿਸਟਰੇਸ਼ਨ, ਟੈਕਸ ਅਤੇ ਡਰਾਈਵਰ ਦਾ ਡਰਾਈਵਿੰਗ ਲਾਈਸੈਂਸ ਆਦਿ ਹੋਰ ਸਬੰਧਤ ਕਾਗਜਾਤ ਪੂਰੇ ਹੋਣੇ ਚਾਹੀਦੇ ਹਨ।
9. ਠੇਕੇਦਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਡਰਾਈਵਰ ਸ਼ਰੀਰਕ ਤੌਰ ਤੇ ਫਿਟ ਅਤੇ ਸਵਾਰੀਆਂ ਨਾਲ ਨਿਮਰਤਾ ਪੂਰਵਕ ਵਰਤਾਉ ਕਰਨ ਵਾਲਾ ਹੋਵੇ ਅਤੇ ਡਿਊਟੀ ਸਮੇਂ ਸ਼ਰਾਬ ਜਾਂ ਹੋਰ ਨਸ਼ੇ ਦਾ ਇਸਤੇਮਾਲ ਨਾ ਕਰੇ।
10. ਅਗਰ ਗੱਡੀ ਰਸਤੇ ਵਿਚ ਕਿਸੇ ਵਜ੍ਹਾ ਕਰਕੇ ਖਰਾਬ ਹੋ ਜਾਂਦੀ ਹੈ ਤਾਂ ਬਦਲਵਾਂ ਪ੍ਰਬੰਧ ਤੁਰੰਤ ਮੌਕੇ ਤੇ ਠੇਕੇਦਾਰ ਵੱਲੋਂ ਕਰਨਾ ਜ਼ਰੂਰੀ ਹੋਵੇਗਾ।
11. ਸਮੇਂ-ਸਮੇਂ ਸਿਰ ਡੀਜ਼ਲ/ਪਟੈਰੋਲ ਦੇ ਰੇਟਾਂ ਵਿਚ ਸਰਕਾਰ ਵੱਲੋਂ ਘੱਟ ਤੋਂ ਘੱਟ 10% ਵਾਧਾ/ਘਾਟਾ ਕੀਤੇ ਜਾਣ ਤੇ ਟੈਕਸੀਆਂ ਆਦਿ ਦੇ ਕਿਰਾਏ ਵਿਚ ਸੋਧ ਕਰਨ ਦੇ ਅਧਿਕਾਰ ਯੂਨੀਵਰਸਿਟੀ ਪਾਸ ਹੋਣਗੇ।
12. ਠੇਕੇਦਾਰ ਵੱਲੋਂ ਗੈਸ ਵਾਲੀ ਗੱਡੀ ਕਿਸੇ ਵੀ ਰੂਟ ਤੇ ਨਹੀਂ ਭੇਜੀ ਜਾਵੇਗੀ। ਸ਼ਿਕਾਇਤ ਪ੍ਰਾਪਤ ਹੋਣ ਦੀ ਸੂਰਤ ਵਿਚ ਹਰਜ਼ਾਨਾ ਪਾਉਣ ਦਾ ਅਧਿਕਾਰ ਯੂਨੀਵਰਸਿਟੀ ਪਾਸ ਹੋਵੇਗਾ।

13. ਟੋਲ ਪਰਚੀਆਂ, ਪਾਰਕਿੰਗ ਫੀਸ ਅਤੇ ਇੰਟਰ ਸਟੇਟ ਟੈਕਸ ਆਦਿ ਯੂਨੀਵਰਸਿਟੀ ਵੱਲੋਂ ਦਿੱਤਾ ਜਾਵੇਗਾ।
14. ਯੂਨੀਵਰਸਿਟੀ ਅਧਿਕਾਰੀਆਂ ਨੂੰ ਇਹ ਅਖਤਿਆਰ ਹੋਵੇਗਾ ਕਿ ਭਾਵੇਂ ਉਹ ਗੱਡੀ ਲੋਕਲ ਇਸਤੇਮਾਲ ਕਰਨ ਜਾਂ ਬਾਹਰ ਭੇਜ ਦੇਣ ਜਾਂ ਲੋਕਲ ਅਤੇ ਬਾਹਰ ਦੋਵਾਂ ਥਾਵਾਂ ਤੇ ਇਸਤੇਮਾਲ ਕਰ ਲੈਣ।
15. ਗੱਡੀ ਦੇ ਬਾਹਰ ਲਗਾਤਾਰ 16 ਘੰਟੇ ਦੀ ਯਾਤਰਾ ਨੂੰ ਨਾਈਟ ਸਟੇਅ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਦੇ ਵੱਖਰੇ 250 ਰੁ: ਪ੍ਰਤੀ ਨਾਈਟ ਦਿੱਤੇ ਜਾਣਗੇ।
16. ਯੂਨੀਵਰਸਿਟੀ ਤੋਂ 25 ਕਿ.ਮੀ ਦੇ ਘੇਰੇ ਨੂੰ ਲੋਕਲ ਮੰਨਿਆ ਜਾਵੇਗਾ ਅਤੇ ਲੋਕਲ ਵਰਤੀ ਜਾਣ ਵਾਲੀ ਗੱਡੀ ਦੇ ਘੱਟੋ-ਘੱਟ 6 ਘੰਟੇ ਹੋਣਗੇ ਯਾਨੀ ਕਿ ਇਕ ਵਾਰ ਲੋਕਲ ਬੁਲਾਏ ਜਾਣ ਤੇ ਗੱਡੀ ਨੂੰ ਘੱਟੋ-ਘੱਟ 6 ਘੰਟੇ ਦੀ ਅਦਾਇਗੀ ਪ੍ਰਤੀ ਘੰਟੇ ਦੇ ਕਿਰਾਏ ਦੇ ਹਿਸਾਬ ਨਾਲ ਕੀਤੀ ਜਾਵੇਗੀ।
17. ਯੂਨੀਵਰਸਿਟੀ ਤੋਂ ਬਾਹਰ ਜਾਣ ਵਾਲੀ ਗੱਡੀ ਦੇ ਘੱਟੋ-ਘੱਟ 100 ਕਿ.ਮੀ. ਹੋਣਗੇ ਯਾਨੀ ਕਿ ਇਕ ਰੂਟ ਤੇ ਜਾਣ/ਆਉਣ ਤੇ ਘੱਟੋ-ਘੱਟ 100 ਕਿ.ਮੀ. ਦੀ ਅਦਾਇਗੀ ਪ੍ਰਤੀ ਕਿ.ਮੀ. ਦੇ ਕਿਰਾਏ ਦੇ ਹਿਸਾਬ ਨਾਲ ਕੀਤੀ ਜਾਵੇਗੀ।
18. ਜੇਕਰ ਠੇਕੇਦਾਰ ਸ਼ਰਤਾਂ/ਬਾਨ੍ਹਾਂ ਦੀ ਸਹੀ ਵਰਤੋਂ ਨਹੀਂ ਕਰਦਾ ਤਾਂ ਯੂਨੀਵਰਸਿਟੀ ਅਧਿਕਾਰੀਆਂ ਨੂੰ ਅਧਿਕਾਰ ਹੋਵੇਗਾ ਕਿ ਠੇਕਾ ਇਕ ਹਫਤੇ ਦਾ Showcause ਨੋਟਿਸ ਦੇ ਕੇ ਰੱਦ ਕੀਤਾ ਜਾ ਸਕੇਗਾ।

**ਨੋਟ:-** ਅਗਰ ਠੇਕੇਦਾਰ ਯੂਨੀਵਰਸਿਟੀ ਦੀ ਲੋੜ ਮੁਤਾਬਿਕ ਸਹੀ ਸਮੇਂ ਲੋੜੀਂਦੀਆਂ ਗੱਡੀਆਂ ਮੁਹੱਈਆਂ ਨਹੀਂ ਕਰਦਾ ਤਾਂ ਯੂਨੀਵਰਸਿਟੀ ਨੂੰ ਕਿਸੇ ਹੋਰ ਟੈਕਸੀ ਸਟੈਂਡ ਤੋਂ ਕੰਮ ਲੈਣ ਦਾ ਪੂਰਾ ਅਧਿਕਾਰ ਹੋਵੇਗਾ।